ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

# ਮਨਾਲੀ ਵਿਖੇ ਹਾਈਕਿੰਗ ਟਰੈਕਿੰਗ ਕੈਂਪ 12 ਤੋਂ 21 ਸਤੰਬਰ ਤੱਕ

# ਫਾਜ਼ਿਲਕਾ ਤੋਂ 10 ਰੋਜ਼ਾ ਕੈਂਪ ਲਈ ਵਲੰਟੀਅਰ ਹੋਏ ਰਵਾਨਾ

## ਕਬੂਲ ਸ਼ਾਹ ਖੁੱਬਣ ਦੇ ਸਰਕਾਰੀ ਸਕੂਲ ਨਾਲ ਸਬੰਧਤ ਨੇ ਵਲੰਟੀਅਰ

ਫਾਜ਼ਿਲਕਾ 11 ਸਤੰਬਰ

ਡਾਇਰੈਕਟਰ ਯੂਵਕ ਸੇਵਾਵਾਂ ਪੰਜਾਬ ਚੰਡੀਗੜ੍ਹ ਸ੍ਰੀਮਤੀ ਅੰਮ੍ਰਿਤਪਾਲ ਕੌਰ ਗਿੱਲ ਦੇ ਦਿਸ਼ਾ-ਨਿਰਦੇਸ਼ਾ ਹੇਠ ਮਨਾਲੀ ਵਿਖੇ ਯੂਥ ਲੀਡਰਸ਼ਿਪ ਤੇ ਹਾਈਕਿੰਗ ਟਰੈਕਿੰਗ ਲਈ 10 ਰੋਜ਼ਾ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਦੀ ਯੋਗ ਅਗਵਾਈ ਤੇ ਪ੍ਰੇਰਨਾ ਸਦਕਾ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਚੋਂ 5 ਵਲੰਟੀਅਰ ਭਾਗ ਲੈਣ ਲਈ ਮਨਾਲੀ ਲਈ ਰਵਾਨਾ ਹੋਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਇੰਚਾਰਜ ਯੂਵਕ ਸੇਵਾਵਾਂ ਸ. ਪੰਮੀ ਸਿੰਘ ਨੇ ਦੱਸਿਆ ਕਿ ਇਹ ਹਾਈਕਿੰਗ ਟਰੈਕਿੰਗ ਕੈਂਪ ਹਿਮਾਚਲ ਦੇ ਖੂਬਸੂਰਤ ਸ਼ਹਿਰ ਮਨਾਲੀ ਵਿਖੇ ਮਿਤੀ 12 ਸਤੰਬਰ ਤੋਂ 21 ਸਤੰਬਰ 2017 ਤੱਕ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਲਈ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚੋਂ 5-5 ਵਲੰਟੀਅਰਾਂ ਦੀ ਹਾਈਕਿੰਗ ਟਰੈਕਿੰਗ ਕੈਂਪ ਲਈ ਚੋਣ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਚੁਣੇ ਗਏ ਵਲੰਟੀਅਰਜ਼ ਬਲਜੀਤ ਸਿੰਘ, ਗਗਨਦੀਪ ਸਿੰਘ, ਗੁਰਜੰਟ ਸਿੰਘ, ਗੁਰਵਿੰਦਰ ਸਿੰਘ ਤੇ ਵਰਿੰਦਰ ਸਿੰਘ ਹਨ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਬੂਲ ਸ਼ਾਹ ਖੁੱਬਣ ਦੇ ਵਿਦਿਆਰਥੀ ਹਨ।

ਇਸ ਮੌਕੇ ਕਬੂਲ ਸ਼ਾਹ ਖੁੱਬਣ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸਵਤੰਤਰਤਾ ਪਾਠਕ, ਐਨ.ਐਸ.ਐਸ. ਇੰਚਾਰਜ ਹਰਕ੍ਰਿਸ਼ਨ ਤੋਂ ਇਲਾਵਾ ਯੂਵਕ ਸੇਵਾਵਾਂ ਵਿਭਾਗ ਦੇ ਸਟਾਫ ਅੰਕਿਤ ਕਟਾਰੀਆ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਫੋਟੋ ਕੈਪਸ਼ਨ: ਮਨਾਲੀ ਵਿਖੇ ਲੱਗ ਰਹੇ ਹਾਈਕਿੰਗ ਟਰੈਕਿੰਗ 10 ਰੋਜ਼ਾ ਕੈਂਪ ਲਈ ਫਾਜ਼ਿਲਕਾ ਦੇ ਜ਼ਿਲ੍ਹਾ ਯੂਵਕ ਸੇਵਾਵਾਂ ਇੰਚਾਰਜ ਸ. ਪੰਮੀ ਸਿੰਘ ਵਲੰਟੀਅਰਜ਼ ਨੂੰ ਰਵਾਨਾ ਕਰਦੇ ਹੋਏ